Govt. College Ph-VI ... National Road Safety Week 15/02/2021

ਕੈਂਪ ਸਮਾਪਤ

16 FEB 2021

THE TIMES OF INDIA

# Helmets for Mohali college boys & girls

Times News Network

**Mohali:** As a part of the 32nd National Road Safety Week, a special programme with the motto 'Life is safe when driving is safe' was organised at Government College here on Monday.

The objective was to educate the students about traffic rules. New principal Jatinder Kaur, who organised the programme soon after assuming office, thanked traffic police and the district transport office for the support.

Inaugurating the function, superintendent of police (traffic) Gurjot Singh Kaler asked the students to drive safe as a habit and motivate others to obey the traffic rules.

The principal encouraged the students to sensitise their friends about the importance of safe driving. On the occasion, the traffic SP gave away safety helmets to 25 girls and boys on behalf of Mahindra and Mahindra, and Swaraj Division (formerly Punjab Tractors). The college teachers also attended the function.

On the occasion the boys and girls who received the free helmets vowed to follow the traffic rules.

# कालेज में राष्ट्रीय सड़क सुरक्षा सप्ताह मनाया

**एस.पी. ट्रैफिक पुलिस द्वारा विद्यार्थियों को ड्राइविंग दौरान ट्रैफिक नियमों का कड़ाई से पालन करने की अपील**



सरकारी कालेज में 32वें राष्ट्रीय सड़क सुरक्षा सप्ताह दौरान करवाए कार्यक्रम का दृश्य।

16 FEB 2021

ਜਗ ਬਾਣੀ

# ਸਰਕਾਰੀ ਕਾਲਜ ਵਿਖੇ 32ਵਾਂ ਕੌਮੀ ਸੜਕ ਸੁਰੱਖਿਆ ਹਫ਼ਤਾ ਮਨਾਇਆ



ਵਿਦਿਆਰਥੀਆਂ ਨੂੰ ਟ੍ਰੈਫਿਕ ਨਿਯਮਾਂ ਸਬੰਧੀ ਜਾਣਕਾਰੀ ਦਿੰਦੇ ਪੁਲਸ ਅਧਿਕਾਰੀ।

ਮੋਹਾਲੀ, 15 ਫਰਵਰੀ (ਨਿਆਮੀਆਂ, ਪਰਦੀਪ)-ਸ਼ਹੀਦ ਮੇਜਰ ਹਰਮਿੰਦਰਪਾਲ ਸਿੰਘ (ਸ਼ੌਰਿਆ ਚੱਕਰ) ਸਰਕਾਰੀ ਕਾਲਜ ਵਿਖੇ 32ਵੇਂ ਕੌਮੀ ਸੜਕ ਸੁਰੱਖਿਆ ਹਫ਼ਤੇ ਦੇ ਤੌਰ 'ਤੇ 'ਜ਼ਿੰਦਗੀ ਸੁਰੱਖਿਅਤ, ਜੇਕਰ ਡਰਾਈਵਿੰਗ ਸੁਰੱਖਿਅਤ' ਦੇ ਵਿਸ਼ੇ 'ਤੇ ਵਿਸ਼ੇਸ਼ ਪ੍ਰੋਗਰਾਮ ਕਰਵਾਇਆ ਗਿਆ। ਵਿਦਿਆਰਥੀਆਂ ਨੂੰ ਟ੍ਰੈਫਿਕ ਨਿਯਮਾਂ ਬਾਰੇ ਜਾਗਰੂਕ ਕਰਨ ਦੇ ਉਦੇਸ਼ ਨਾਲ ਪ੍ਰਿੰਸੀਪਲ ਡਾ. ਜਤਿੰਦਰ ਕੌਰ ਨੇ ਅਹੁਦਾ ਸੰਭਾਲਣ ਤੋਂ ਤੁਰੰਤ ਬਾਅਦ ਟ੍ਰੈਫਿਕ ਪੁਲਸ ਅਤੇ ਜ਼ਿਲਾ ਟਰਾਂਸਪੋਰਟ ਦਫਤਰ ਦੇ ਸਹਿਯੋਗ ਨਾਲ ਪ੍ਰੋਗਰਾਮ ਦਾ ਆਯੋਜਨ ਕਰਵਾਇਆ। ਸਮਾਗਮ ਦਾ ਉਦਘਾਟਨ ਕਰਦਿਆਂ ਐੱਸ. ਪੀ. ਟ੍ਰੈਫਿਕ ਗੁਰਜੋਤ ਸਿੰਘ ਕਲੇਰ ਨੇ ਆਪਣੇ ਸੰਬੋਧਨ ਵਿਚ ਵਿਦਿਆਰਥੀਆਂ ਨੂੰ ਡਰਾਈਵਿੰਗ ਦੌਰਾਨ ਟ੍ਰੈਫਿਕ ਨਿਯਮਾਂ ਦਾ ਸਖ਼ਤੀ ਨਾਲ ਪਾਲਣ ਕਰਨ ਦੀ ਅਪੀਲ ਕੀਤੀ। ਇਸ ਸਮਾਗਮ ਵਿਚ ਹਾਜ਼ਰ ਸ਼ਖ਼ਸੀਅਤਾਂ ਵਿਚ ਰੀਜਨਲ ਟਰਾਂਸਪੋਰਟ ਅਥਾਰਟੀ ਸੁਖਵਿੰਦਰ ਕੁਮਾਰ, ਮਹਿੰਦਰਾ ਤੇ ਮਹਿੰਦਰਾ ਸਵਰਾਜ ਡਵੀਜ਼ਨ ਦੇ ਜਨਰਲ ਮੈਨੇਜਰ ਰੰਜਨ ਕੁਮਾਰ ਮਿਸ਼ਰਾ, ਸਰੀਰਕ ਸਿੱਖਿਆ ਵਿਭਾਗ ਦੇ ਮੁਖੀ ਪ੍ਰੋ. ਸਿਮਰਪ੍ਰੀਤ ਕੌਰ, ਏ. ਐੱਸ. ਆਈ. ਟ੍ਰੈਫਿਕ ਐਜੂਕੇਸ਼ਨ ਸੈੱਲ ਜਨਕ ਰਾਜ ਅਤੇ ਮੋਟਰ ਵਹੀਕਲ ਇੰਸਪੈਕਟਰ ਰਣਪ੍ਰੀਤ ਸਿੰਘ ਹਾਜ਼ਰ ਸਨ।

— ਜਗਬਾਣੀ - 09-03-18 —



ਰੋਜ਼ਗਾਰ ਮੇਲੇ ਦੌਰਾਨ ਪ੍ਰਿੰਸੀਪਲ ਕੋਮਲ ਬਰੋਕਾ, ਏ. ਡੀ. ਸੀ. ਚਰਨਦੇਵ ਸਿੰਘ ਮਾਨ, ਐੱਸ. ਡੀ. ਐੱਮ ਆਰ. ਪੀ. ਸਿੰਘ ਤੇ ਹੋਰ। (ਮੋਹਿਤ)

# ਸਰਕਾਰੀ ਕਾਲਜ 'ਚ ਰੋਜ਼ਗਾਰ ਮੇਲਾ ਲਾਇਆ

ਮੋਹਾਲੀ, 8 ਮਾਰਚ (ਨਿਆਮੀਆਂ)–ਜ਼ਿਲਾ ਰੋਜ਼ਗਾਰ ਜਨਰੇਸ਼ਨ ਟਰੇਨਿੰਗ ਦਫਤਰ ਮੋਹਾਲੀ ਵੱਲੋਂ ਸਰਕਾਰੀ ਕਾਲਜ ਫੇਜ਼-6 ਵਿਖੇ ਰੋਜ਼ਗਾਰ ਮੇਲਾ ਲਾਇਆ ਗਿਆ, ਜਿਸ 'ਚ 14 ਕੰਪਨੀਆਂ ਨੇ ਭਾਗ ਲਿਆ ਤੇ 1132 ਬੇਰੋਜ਼ਗਾਰ ਨੌਜਵਾਨਾਂ ਦੀ ਰਜਿਸਟ੍ਰੇਸ਼ਨ ਕੀਤੀ ਗਈ। ਕੰਪਨੀਆਂ ਨੇ 216 ਉਮੀਦਵਾਰਾਂ ਦੀ ਚੋਣ ਕੀਤੀ। ਉਮੀਦਵਾਰਾਂ ਨੂੰ ਐੱਸ. ਐੱਮ. ਐੱਸ. ਰਾਹੀਂ ਮੇਲੇ ਵਿਚ ਭਾਗ ਲੈਣ ਲਈ ਬੁਲਾਇਆ ਗਿਆ। ਕਾਲਜ ਦੀ ਪ੍ਰਿੰਸੀਪਲ ਕੋਮਲ ਬਰੋਕਾ ਨੇ ਸਾਰਿਆਂ ਨੂੰ ਜੀ ਆਇਆਂ ਆਖਿਆ। ਇਸ ਮੌਕੇ ਏ. ਡੀ. ਸੀ. ਚਰਨਦੇਵ ਸਿੰਘ ਮਾਨ ਤੇ ਐੱਸ. ਡੀ. ਐੱਮ ਆਰ. ਪੀ. ਸਿੰਘ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।

Komal Broca

# ਰੁਜ਼ਗਾਰ ਮੇਲਾ: 216 ... ਉਮੀਦਵਾਰਾਂ ਦੀ ਚੋ...

ਪੰਜਾਬ ਕੇਸਰੀ ... ਜ਼ਿਲ੍ਹਾ ਰੁਜ਼ਗਾਰ ਜਨਰੇਸ਼ਨ ... ਮੁਹਾਲੀ ਵੱਲੋਂ ਇੱਥੇ ਦੇ ਫੇਜ਼-6 ... ਸਰਕਾਰੀ ਕਾਲਜ ਵਿੱਚ ... ਰੁਜ਼ਗਾਰ ਮੇਲਾ ਲਗਾਇਆ ... ਇਸ ਮੇਲੇ ਵਿੱਚ ...



ਡੀਸੀ ਅਮਿਤ ਤਲਵਾੜ ਬਿਨੈਕਾਰਾਂ ਨੂੰ ਆਫਰ ਲੈਟਰ ਸੌਂਪਦੇ ਹੋਏ।

# ਰੁਜ਼ਗਾਰ ਤੇ ਕਾਰੋਬਾਰ ਬਿਊਰੋ ਵੱਲੋਂ ਰੁਜ਼ਗਾਰ ਮੇਲਾ ਲਾਇਆ

**ਰਣਜੀਤ ਸਿੰਘ ਰਾਣਾ, ਐੱਸਏਐੱਸ ਨਗਰ :** ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਵੱਲੋਂ ਪੰਜਾਬ ਸਰਕਾਰ ਦੇ ਘਰ-ਘਰ ਰੁਜ਼ਗਾਰ ਸਕੀਮ ਅਧੀਨ ਜ਼ਿਲ੍ਹੇ ਦੇ ਨੌਜਵਾਨਾਂ ਨੂੰ ਰੁਜ਼ਗਾਰ ਦੇ ਮੌਕੇ ਮੁਹਈਆ ਕਰਵਾਉਣ ਲਈ ਸਰਕਾਰੀ ਕਾਲਜ, ਫੇਜ਼-6, ਵਿਖੇ ਰੁਜ਼ਗਾਰ ਮੇਲੇ ਲਾ ਰਹੀ ਹੈ। ਇਸ ਮੇਲੇ 'ਚ ਡਿਪਟੀ ਕਮਿਸ਼ਨਰ ਅਮਿਤ ਤਲਵਾੜ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਮੇਲੇ 'ਚ ਮੌਜੂਦ ਬਿਨੈਕਾਰਾਂ ਦੀ ਹੌਂਸਲਾ ਅਫ਼ਜਾਈ ਕੀਤੀ ਤੇ ਇੰਟਰਵਿਊ ਲਈ ਸ਼ੁਭਕਾਮਨਾਵਾਂ ਦਿੱਤੀਆਂ। ਉਨ੍ਹਾਂ ਵੱਲੋਂ 22 ਸਫ਼ਲ ਬਿਨੈਕਾਰਾਂ ਨੂੰ ਆਫ਼ਰ ਲੈਟਰ ਦਿੱਤੇ ਗਏ। ਵਧੇਰੇ ਜਾਣਕਾਰੀ ਦਿੰਦਿਆਂ ਅਮਰਦੀਪ ਸਿੰਘ ਗੁਜਰਾਲ ਵਧੀਕ ਡਿਪਟੀ ਕਮਿਸ਼ਨਰ ਵਿਕਾਸ ਨੇ ਦੱਸਿਆ ਕਿ ਰੁਜ਼ਗਾਰ ਮੇਲੇ ਦੌਰਾਨ ਆਈਸੀਆਈ, ਸੀਬੀਐੱਲ, ਐੱਸਬੀਆਈ, ਐਕਸਿਜ ਬੈਂਕ, ਲਿਯੋਮ ਅਤੇ ਪੁਖਰਾਜ ਜਿਹਿਆਂ ਕੰਪਨੀਆਂ ਨੇ ਸ਼ਮੂਲੀਅਤ ਕੀਤੀ। ਉਨ੍ਹਾਂ ਕਿਹਾ ਉਕਤ ਮੇਲੇ 'ਚ 232 ਬਿਨੈਕਾਰਾਂ ਨੇ ਹਿੱਸਾ ਲਿਆ। ਉਨ੍ਹਾਂ ਦੱਸਿਆ ਮੇਲੇ 'ਚ ਆਏ 157 ਨੂੰ ਉਨ੍ਹਾਂ ਦੀ ਯੋਗਤਾ ਅਨੁਸਾਰ ਵੱਖ-ਵੱਖ ਕੰਪਨੀਆਂ ਵੱਲੋਂ ਸ਼ਾਰਟਲਿਸਟ ਕੀਤਾ ਗਿਆ।ਇਸ ਮੌਕੇ ਮੀਨਾਕਸ਼ੀ ਗੋਇਲ ਡਿਪਟੀ ਡਾਇਰੈਕਟਰ, ਮੰਜੇਸ ਸ਼ਰਮਾ ਡੀਸੀਈਓ, ਹਰਜੀਤ ਗੁਜਰਾਲ ਪ੍ਰਿੰਸੀਪਲ, ਰਸਮੀ ਪ੍ਰਭਾਕਰ ਪਲੇਸਮੈਂਟ ਇੰਚਾਰਜ, ਘਨਸਾਮ ਸਿੰਘ ਪ੍ਰੋਫੈਸਰ, ਡਾ. ਜਸਪਾਲ ਸਿੰਘ ਅਤੇ ਡੀਬੀਈਈ ਦੇ ਹੋਰ ਅਧਿਕਾਰੀ ਵੀ ਮੌਜੂਦ ਸਨ।

ਸਨਮਾਨਿਤ ਕੀਤਾ ਗਿਆ ਹੈ।

# ਜ਼ਿਲ੍ਹਾ ਰੁਜ਼ਗਾਰ ਅਤੇ ਕਾਰੋਬਾਰ ਬਿਊਰੋ ਨੇ ਰੁਜ਼ਗਾਰ ਮੇਲਾ ਲਾਇਆ

## ਡਿਪਟੀ ਕਮਿਸ਼ਨਰ ਨੇ 22 ਪ੍ਰਾਰਥੀਆਂ ਨੂੰ ਦਿਤੇ ਨਿਯੁਕਤੀ ਪੱਤਰ



ਐਸ.ਏ.ਐਸ. ਨਗਰ, 2 ਜੂਨ (ਸੁਖਦੀਪ ਸਿੰਘ ਸੋਈ) : ਜ਼ਿਲ੍ਹਾ ਰੁਜ਼ਗਾਰ ਅਤੇ ਕਾਰੋਬਾਰ ਬਿਊਰੋ, ਐਸ.ਏ.ਐਸ ਨਗਰ ਵਲੋਂ ਪੰਜਾਬ ਸਰਕਾਰ ਦੇ ਘਰ-ਘਰ ਰੁਜ਼ਗਾਰ ਸਕੀਮ ਅਧੀਨ ਜ਼ਿਲ੍ਹੇ ਦੇ ਨੌਜਵਾਨਾਂ ਨੂੰ ਰੁਜ਼ਗਾਰ ਦੇ ਅਵਸਰ ਮੁਹਈਆ ਕਰਵਾਉਣ ਲਈ ਅੱਜ ਸਰਕਾਰੀ ਕਾਲਜ, ਫ਼ੇਜ਼-6 ਵਿਖੇ ਰੁਜ਼ਗਾਰ ਮੇਲਾ ਲਗਾਇਆ ਗਿਆ। ਇਸ ਮੇਲੇ ਵਿਚ ਅਮਿਤ ਤਲਵਾੜ ਡਿਪਟੀ ਕਮਿਸ਼ਨਰ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਉਨ੍ਹਾਂ ਮੇਲੇ ਵਿੱਚ ਮੌਜੂਦ ਪ੍ਰਾਰਥੀਆਂ ਦੀ ਹੌਸਲਾ ਅਫ਼ਜ਼ਾਈ ਕੀਤੀ ਅਤੇ ਇੰਟਰਵਿਊ ਲਈ ਸ਼ੁਭਕਾਮਨਾਵਾਂ ਦਿਤੀਆਂ। ਉਨ੍ਹਾਂ ਵਲੋਂ 22 ਸਫ਼ਲ ਪ੍ਰਾਰਥੀਆਂ ਨੂੰ ਆਫ਼ਰ ਲੈਟਰ ਦਿਤੇ ਗਏ।

ਅਮਰਦੀਪ ਸਿੰਘ ਗੁਜਰਾਲ ਵਧੀਕ ਡਿਪਟੀ ਕਮਿਸ਼ਨਰ ਵਿਕਾਸ ਨੇ ਦੱਸਿਆ ਕਿ ਰੁਜ਼ਗਾਰ ਮੇਲੇ ਦੌਰਾਨ ਆਈ.ਸੀ.ਆਈ, ਸੀ.ਬੀ.ਐਲ, ਐਸ.ਬੀ.ਆਈ, ਐਕਸਿਜ਼ ਬੈਂਕ, ਲਿਯੋਮ ਅਤੇ ਪੁਖਰਾਜ ਜਿਹੀਆਂ ਕੰਪਨੀਆਂ ਨੇ ਸ਼ਮੂਲੀਅਤ ਕੀਤੀ। ਉਨ੍ਹਾਂ ਕਿਹਾ ਉਕਤ ਮੇਲੇ ਵਿਚ 232 ਪ੍ਰਾਰਥੀਆਂ ਨੇ ਭਾਗ ਲਿਆ। ਉਨ੍ਹਾਂ ਦਸਿਆ ਮੇਲੇ ਵਿਚ ਆਏ 157 ਪ੍ਰਾਰਥੀਆਂ ਨੂੰ ਉਨ੍ਹਾਂ ਦੀ ਯੋਗਤਾ ਅਨੁਸਾਰ ਵੱਖ-ਵੱਖ ਕੰਪਨੀਆਂ ਵਲੋਂ ਸ਼ਾਰਟਲਿਸਟ ਕੀਤਾ ਗਿਆ। ਇਸ ਮੌਕੇ ਮੀਨਾਕਸ਼ੀ ਗੋਇਲ ਡਿਪਟੀ ਡਾਇਰੈਕਟਰ, ਮੰਜੇਸ਼ ਸ਼ਰਮਾ ਡਿ.ਸੀ.ਈ.ਓ, ਹਰਜੀਤ ਗੁਜਰਾਲ ਪ੍ਰਿੰਸੀਪਲ, ਰਸ਼ਮੀ ਪ੍ਰਭਾਕਰ ਪਲੇਸਮੈਂਟ ਇੰਚਾਰਜ, ਘਨਸ਼ਾਮ ਸਿੰਘ ਪ੍ਰੋਫੈਸਰ, ਡਾ. ਜਸਪਾਲ ਸਿੰਘ ਅਤੇ ਡੀ.ਬੀ.ਈ.ਈ ਦੇ ਹੋਰ ਅਧਿਕਾਰੀ ਵੀ ਮੌਜੂਦ ਸਨ।

# ਜ਼ਿਲਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਵਲੋਂ ਰੋਜ਼ਗਾਰ ਮੇਲਾ

## ਡੀ. ਸੀ. ਨੇ 22 ਪ੍ਰਾਰਥੀਆਂ ਨੂੰ ਦਿੱਤੇ ਆਫਰ ਲੈਟਰ



ਪ੍ਰਾਰਥੀਆਂ ਨੂੰ ਆਫਰ ਲੈਟਰ ਦਿੰਦੇ ਡੀ. ਸੀ. ਅਮਿਤ ਤਲਵਾੜ। (ਮੋਹਿਤ)

ਮੋਹਾਲੀ, 2 ਜੂਨ (ਨਿਆਮੀਆਂ)-ਜ਼ਿਲਾ ਰੋਜ਼ਗਾਰ ਅਤੇ ਕਾਰੋਬਾਰ ਬਿਓਰੋ ਮੋਹਾਲੀ ਵਲੋਂ ਪੰਜਾਬ ਸਰਕਾਰ ਦੀ ਘਰ-ਘਰ ਰੋਜ਼ਗਾਰ ਸਕੀਮ ਅਧੀਨ ਜ਼ਿਲੇ ਦੇ ਨੌਜਵਾਨਾਂ ਨੂੰ ਰੋਜ਼ਗਾਰ ਦੇ ਮੌਕੇ ਮੁਹੱਈਆ ਕਰਵਾਉਣ ਲਈ ਸਰਕਾਰੀ ਕਾਲਜ ਫੇਜ਼-6 ਮੋਹਾਲੀ ਵਿਖੇ ਰੋਜ਼ਗਾਰ ਮੇਲਾ ਕਰਵਾਇਆ ਕੀਤਾ ਗਿਆ, ਜਿਸ ਵਿਚ ਡੀ. ਸੀ. ਅਮਿਤ ਤਲਵਾੜ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਉਨ੍ਹਾਂ ਨੇ 22 ਸਫਲ ਪ੍ਰਾਰਥੀਆਂ ਨੂੰ ਆਫਰ ਲੈਟਰ ਦਿੱਤੇ। ਵਧੀਕ ਡਿਪਟੀ ਕਮਿਸ਼ਨਰ ਵਿਕਾਸ ਅਮਰਦੀਪ ਸਿੰਘ ਗੁਜਰਾਲ ਨੇ ਦੱਸਿਆ ਕਿ ਰੋਜ਼ਗਾਰ ਮੇਲੇ ਦੌਰਾਨ ਕਈ ਕੰਪਨੀਆਂ ਨੇ ਸ਼ਮੂਲੀਅਤ ਕੀਤੀ। ਉਨ੍ਹਾਂ ਕਿਹਾ ਉਕਤ ਮੇਲੇ ਵਿਚ 232 ਪ੍ਰਾਰਥੀਆਂ ਨੇ ਭਾਗ ਲਿਆ। ਉਨ੍ਹਾਂ ਦੱਸਿਆ ਕਿ ਮੇਲੇ ਵਿਚ ਆਏ 157 ਪ੍ਰਾਰਥੀਆਂ ਨੂੰ ਉਨ੍ਹਾਂ ਦੀ ਯੋਗਤਾ ਅਨੁਸਾਰ ਵੱਖ-ਵੱਖ ਕੰਪਨੀਆਂ ਵਲੋਂ ਸ਼ਾਰਟਲਿਸਟ ਕੀਤਾ ਗਿਆ।

ਇਸ ਮੌਕੇ ਮਿਨਾਕਸ਼ੀ ਗੋਇਲ ਡਿਪਟੀ ਡਾਇਰੈਕਟਰ, ਮੰਜੇਸ਼ ਸ਼ਰਮਾ ਡਿ. ਸੀ. ਈ. ਓ, ਹਰਜੀਤ ਗੁਜਰਾਲ ਪ੍ਰਿੰਸੀਪਲ, ਰਸ਼ਮੀ ਪ੍ਰਭਾਕਰ ਪਲੇਸਮੈਂਟ ਇੰਚਾਰਜ, ਘਨਸ਼ਾਮ ਸਿੰਘ ਪ੍ਰੋਫੈਸਰ, ਡਾ. ਜਸਪਾਲ ਸਿੰਘ ਅਤੇ ਡੀ. ਬੀ. ਈ. ਈ. ਦੇ ਹੋਰ ਅਧਿਕਾਰੀ ਵੀ ਮੌਜੂਦ ਸਨ।

और टीका लगवाने को लेकर नर्सिंग स्टाफ से बहस करने लगा और बात इतनी बढ़ गई कि वह स्टाफ नर्स को गोली मारने की धमकियां देने लगा। जबकि स्टाफ नर्स ने शुक्रवार को

वीडियो बनाने लगा। इसकी जानकारी स्टाफ ने उन्हें दी, तो वह तुरंत मौके पर पहुंचे और व्यक्ति से शांत होने की अपील की। लेकिन वह उनसे भी बहस करने लगा और उन्हें भी

जीरकपुर के रूप में हुई है। लिखित शिकायत न मिलने के कारण उसे छोड़ दिया गया है। लेकिन कल दोनों पार्टियों को बुलाया गया है। इसके बाद ही आगे की कार्रवाई की जाएगी।

# रोजगार मेले में 22 को नौकरी, 157 शार्टलिस्ट

**माई सिटी रिपोर्टर**

**मोहाली।** कोरोना काल के बाद आखिर अब रोजगार मेले शुरू हो गए हैं। इसके मद्देनजर वीरवार को फेज-छह शहीद मेजर हरमिंदर पाल सिंह शौर्य चक्र सरकारी कॉलेज में रोजगार मेला लगाया गया। इसमें 232 विद्यार्थियों ने किस्मत आजमाई।

इनमें से 157 विद्यार्थियों को कंपनियों ने शार्टलिस्ट किया। इस अवसर पर विद्यार्थियों की सिलेक्शन करने के लिए 14 कंपनियों के प्रतिनिधि पहुंचे थे। इस रोजगार मेले में बतौर मुख्यअतिथि डिप्टी कमिश्नर अमित तलवार सरकारी कॉलेज पहुंचे। उन्होंने मेले में उपस्थित सभी विद्यार्थियों का हौसला बढ़ाया। इस मौके पर चयनित किए गए 22 उम्मीदवारों को ऑफर लेटर भी सौंपे गए। कॉलेज प्रिंसिपल हरजीत गुजराल ने बताया कि रोजगार मेले में आईसीसी बैंक, एक्सिस बैंक, रिलायंस जियो, टाइम्स ग्रुप, लियोम इंटरनेशनल, पीवीआर, पुखराज हेल्थकेयर, एनडी केयर, फ्यूजन बीपीओ, चीमा बॉयलर, ओशन टेक, बाबा श्रीचंद जैसी कई अन्य नेशनल कंपनियों ने हिस्सा लिया। इस मेले में 232 छात्रों ने अपना रजिस्ट्रेशन करवाया। 157 उम्मीदवारों को विभिन्न कंपनियों ने उनकी योग्यता के मुताबिक शॉर्टलिस्ट किया।



रोजगार मेले में पहुंचे प्रतिभागी। संवाद

## ासन को चेतावनी

ा, नहीं तो करेंगे कड़ा विरोध

## पारा पहुंचा 43 डिग्री पार लू-गर्मी ने छुड़ाए पसीने

चंडीगढ़। भीषण गर्मी के बीच ट्राइसिटी

## फ्लैट बेचने के

# रोजगार मेला: 157 कैंडिडेट्स को किया गया शॉर्ट लिस्ट

सिटी रिपोर्टर | मोहाली

जिला प्रशासन के जिला रोजगार और कारोबार ब्यूरो की ओर से पंजाब सरकार की घर-घर रोजगार स्कीम के तहत वीरवार को फेज-6 के सरकारी कॉलेज में रोजगार मेले का आयोजन किया गया। इस मेले में डीसी मोहाली अमित तलवार द्वारा मुख्य मेहमान के तोर पर शिरकत की गई। इस रोजगार मेले में कुल 232 कैंडिडेट्स द्वारा भाग लिया गया। अलग-अलग कंपनियों द्वारा इंटरव्यू के बाद 157 कैंडिडेट्स को नौकरियों के लिए शॉट लिस्ट किया गया। 22 कैंडिडेट्स को कंपनियों द्वारा मौके पर ही नौकरियों के लिए ऑफर लेटर मुहैया करवाए गए। जिन्हें डीसी मोहाली द्वारा वो ऑफर लेटर सौंपे गए। इन कैंडिडेट्स में एक कैंडिडेट विकास शर्मा ने कहा कि वह पिछले 2 महीने से नौकरी के लिए धक्के खा रहा था, लेकिन इस रोजगार मेले में आकर उसे नौकरी मिल गई और अब वो अपने करियर की शुरुआत करने जा रहा है।

# ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਓਰੋ ਵਲੋਂ ਸ਼ਹੀਦ ਮੇਜਰ ਹਰਮਿੰਦਰਪਾਲ ਸਿੰਘ ਸਰਕਾਰੀ ਕਾਲਜ ਦੇ ਸਹਿਯੋਗ ਨਾਲ ਕਰਵਾਇਆ ਰੋਜ਼ਗਾਰ ਮੇਲੇ ਦਾ ਆਯੋਜਨ

ਜੁਝਾਰ ਟਾਈਮਜ਼

ਐਸ.ਏ.ਐਸ ਨਗਰ, ੨ ਜੂਨ (ਸੰਦੀਪ ਬਿੰਦਰਾ) ਜਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਓਰੋ, ਐਸ.ਏ.ਐਸ ਨਗਰ ਵਲੋਂ ਪੰਜਾਬ ਸਰਕਾਰ ਦੇ ਘਰ-2 ਰੋਜ਼ਗਾਰ ਸਕੀਮ ਅਧੀਨ ਜ਼ਿਲ੍ਹੇ ਦੇ ਨੌਜਵਾਨਾਂ ਨੂੰ ਰੋਜ਼ਗਾਰ ਦੇ ਅਵਸਰ ਮੁਹੱਈਆ ਕਰਵਾਉਣ ਲਈ ਅੱਜ ਮਿਤੀ 02/06/2022 ਨੂੰ ਸਰਕਾਰੀ ਕਾਲਜ, ਫੇਜ਼-6, ਐਸ.ਏ.ਐਸ ਨਗਰ ਵਿਖੇ ਰੋਜ਼ਗਾਰ ਮੇਲੇ ਦਾ ਆਯੋਜਨ ਕੀਤਾ ਗਿਆ।

ਮੇਲੇ ਦੌਰਾਨ ਆਈ. ਸੀ. ਆਈ, ਸੀ. ਬੀ. ਐਲ, ਐਸ. ਬੀ. ਆਈ, ਐਕਸਿਜ਼ ਬੈਂਕ, ਲਿਯੋਮ ਅਤੇ ਪੁਖਰਾਜ ਜਿਹਿਆਂ ਕੰਪਨੀਆਂ ਨੇ ਸ਼ਮੂਲੀਅਤ ਕੀਤੀ। ਉਕਤ ਮੇਲੇ ਵਿੱਚ 232 ਪ੍ਰਾਰਥੀਆਂ ਨੇ ਭਾਗ ਲਿਆ।

ਮੇਲੇ ਵਿੱਚ ਆਏ 157 ਪ੍ਰਾਰਥੀਆਂ ਨੂੰ ਉਨ੍ਹਾਂ ਦੀ ਯੋਗਤਾ ਅਨੁਸਾਰ ਵੱਖ-2 ਕੰਪਨੀਆਂ ਵਲੋਂ ਸ਼ਾਰਟਲਿਸਟ ਕੀਤਾ ਗਿਆ।

ਮੇਲੇ ਵਿੱਚ ਬਤੌਰ ਮੁਖ ਮਹਿਮਾਨ ਸ਼੍ਰੀ ਅਮਿਤ ਤਲਵਾੜ, ਆਈ.ਏ.ਐਸ ਡਿਪਟੀ ਕਮਿਸ਼ਨਰ, ਐਸ. ਏ. ਐਸ ਨਗਰ ਜੀ ਨੇ ਸ਼ਿਰਕਤ ਕੀਤੀ।



ਉਨ੍ਹਾਂ ਨੇ ਮੇਲੇ ਦੇ ਪ੍ਰਬੰਧਾਂ ਦਾ ਜਾਇਜ਼ਾ ਲੈਂਦੇ ਹੋਏ ਮੇਲੇ ਵਿੱਚ ਮੌਜੂਦ ਪ੍ਰਾਰਥੀਆਂ ਦੀ ਹੌਂਸਲਾ ਅਫਜਾਈ ਕੀਤੀ ਅਤੇ ਇੰਟਰਵਿਊ ਲਈ ਸ਼ੁਭ ਕਾਮਨਾਵਾਂ ਦਿੱਤਿਆਂ।

ਇਸ ਮੌਕੇ 22 ਸਫਲ ਪ੍ਰਾਰਥੀਆਂ ਨੂੰ ਡਿਪਟੀ ਕਮਿਸ਼ਨਰ ਜੀ ਵਲੋਂ ਆਫਰ ਲੈਟਰ ਦਿਤੇ ਗਏ।

ਮੇਲੇ ਵਿੱਚ ਸ਼੍ਰੀ ਅਮਰਦੀਪ ਗੁਜਰਾਲ ਵਧੀਕ ਡਿਪਟੀ ਕਮਿਸ਼ਨਰ, ਸ਼੍ਰੀਮਤੀ ਮੀਨਾਕਸ਼ੀ ਗੋਇਲ ਡਿਪਟੀ ਡਾਇਰੈਕਟਰ, ਸ਼੍ਰੀ ਮੰਜੇਸ ਸ਼ਰਮਾ ਡਿ.ਸੀ.ਈ.ਓ, ਸ਼੍ਰੀਮਤੀ ਹਰਜੀਤ ਗੁਜਰਾਲ ਪ੍ਰਿੰਸੀਪਲ, ਸ਼੍ਰੀਮਤੀ ਰਸ਼ਮੀ ਪ੍ਰਭਾਕਰ ਪਲੇਸਮੈਂਟ ਇੰਚਾਰਜ, ਸ਼੍ਰੀ ਘਨਸ਼ਾਮ ਸਿੰਘ ਪ੍ਰੋਫੈਸਰ, ਡਾ. ਜਸਪਾਲ ਸਿੰਘ ਅਤੇ ਡੀ.ਬੀ.ਈ.ਈ ਦੇ ਹੋਰ ਅਧਿਕਾਰੀ ਵੀ ਮੌਜੂਦ ਰਹੇ।



ਰੁਜ਼ਗਾਰ ਮੇਲੇ ਦੌਰਾਨ ਸ਼ਾਰਟਲਿਸਟ ਕੀਤੇ ਗਏ ਪ੍ਰਾਰਥੀਆਂ ਨੂੰ ਆਫਰ ਲੈਟਰ ਪ੍ਰਦਾਨ ਕਰਦੇ ਹੋਏ ਡਿਪਟੀ ਕਮਿਸ਼ਨਰ ਮੁਹਾਲੀ ਅਮਿਤ ਤਲਵਾੜ। ਤਸਵੀਰ : ਵਰਿੰਦਰਜੀਤ ਸਿੰਘ

# ਜ਼ਿਲ੍ਹਾ ਰੁਜ਼ਗਾਰ ਤੇ ਕਾਰੋਬਾਰ ਬਿਊਰੋ ਨੇ ਸਰਕਾਰੀ ਕਾਲਜ ਮੁਹਾਲੀ ਵਿਖੇ ਰੁਜ਼ਗਾਰ ਮੇਲਾ ਲਗਾਇਆ

- **ਡਿਪਟੀ ਕਮਿਸ਼ਨਰ ਨੇ 22 ਪ੍ਰਾਰਥੀਆਂ ਨੂੰ ਸੌਂਪੇ ਆਫਰ ਲੈਟਰ**

ਐੱਸ. ਏ. ਐੱਸ. ਨਗਰ, 2 ਜੂਨ (ਕੇ. ਐੱਸ. ਰਾਣਾ)- ਜ਼ਿਲ੍ਹਾ ਰੁਜ਼ਗਾਰ ਅਤੇ ਕਾਰੋਬਾਰ ਬਿਊਰੋ ਮੁਹਾਲੀ ਵਲੋਂ ਪੰਜਾਬ ਸਰਕਾਰ ਦੀ 'ਘਰ-ਘਰ ਰੁਜ਼ਗਾਰ' ਸਕੀਮ ਅਧੀਨ ਜ਼ਿਲ੍ਹੇ ਦੇ ਨੌਜਵਾਨਾਂ ਨੂੰ ਰੁਜ਼ਗਾਰ ਦੇ ਅਵਸਰ ਮੁਹੱਈਆ ਕਰਵਾਉਣ ਲਈ ਅੱਜ ਸਰਕਾਰੀ ਕਾਲਜ ਫੇਜ਼-6 ਮੁਹਾਲੀ ਵਿਖੇ ਰੁਜ਼ਗਾਰ ਮੇਲਾ ਲਗਾਇਆ ਗਿਆ। ਇਸ ਮੇਲੇ ਵਿਚ ਡਿਪਟੀ ਕਮਿਸ਼ਨਰ ਮੁਹਾਲੀ ਅਮਿਤ ਤਲਵਾੜ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਦਿਆਂ ਹਾਜ਼ਰ ਪ੍ਰਾਰਥੀਆਂ ਦੀ ਹੌਂਸਲਾ ਅਫ਼ਜ਼ਾਈ ਕੀਤੀ ਤੇ ਇੰਟਰਵਿਊ ਲਈ ਸ਼ੁਭਕਾਮਨਾਵਾਂ ਦਿੱਤੀਆਂ। ਉਨ੍ਹਾਂ ਵਲੋਂ 22 ਸਫਲ ਪ੍ਰਾਰਥੀਆਂ ਨੂੰ ਆਫਰ ਲੈਟਰ ਵੀ ਦਿੱਤੇ ਗਏ। ਰੁਜ਼ਗਾਰ ਮੇਲੇ ਸੰਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਵਧੀਕ ਡਿਪਟੀ ਕਮਿਸ਼ਨਰ (ਵਿ) ਅਮਰਦੀਪ ਸਿੰਘ ਗੁਜਰਾਲ ਨੇ ਦੱਸਿਆ ਕਿ ਰੁਜ਼ਗਾਰ ਮੇਲੇ ਦੌਰਾਨ ਆਈ. ਸੀ. ਆਈ., ਸੀ. ਬੀ. ਐਲ., ਐਸ. ਬੀ. ਆਈ., ਐਕਸਿਜ਼ ਬੈਂਕ, ਲਿਯੋਮ ਤੇ ਪੁਖਰਾਜ ਜਿਹੀਆਂ ਕੰਪਨੀਆਂ ਨੇ ਸ਼ਮੂਲੀਅਤ ਕੀਤੀ।

ਉਨ੍ਹਾਂ ਦੱਸਿਆ ਕਿ ਰੁਜ਼ਗਾਰ ਮੇਲੇ 'ਚ 232 ਪ੍ਰਾਰਥੀਆਂ ਨੇ ਭਾਗ ਲਿਆ, ਜਿਸ 'ਚੋਂ 157 ਪ੍ਰਾਰਥੀਆਂ ਨੂੰ ਉਨ੍ਹਾਂ ਦੀ ਯੋਗਤਾ ਅਨੁਸਾਰ ਵੱਖ-ਵੱਖ ਕੰਪਨੀਆਂ ਵਲੋਂ ਸ਼ਾਰਟਲਿਸਟ ਕੀਤਾ ਗਿਆ। ਇਸ ਮੌਕੇ ਮੀਨਾਕਸ਼ੀ ਗੋਇਲ ਡਿਪਟੀ ਡਾਇਰੈਕਟਰ, ਮੰਜੇਸ਼ ਸ਼ਰਮਾ ਡੀ. ਸੀ. ਈ. ਓ., ਪ੍ਰਿੰ. ਹਰਜੀਤ ਗੁਜਰਾਲ, ਰਸ਼ਮੀ ਪ੍ਰਭਾਕਰ ਪਲੇਸਮੈਂਟ ਇੰਚਾਰਜ, ਪ੍ਰੋ. ਘਨਸ਼ਾਮ ਸਿੰਘ, ਡਾ. ਜਸਪਾਲ ਸਿੰਘ ਅਤੇ ਡੀ. ਬੀ. ਈ. ਈ. ਦੇ ਹੋਰ ਅਧਿਕਾਰੀ ਵੀ ਹਾਜ਼ਰ ਸਨ।



# ਰੁਜ਼ਗਾਰ ਜਾਗਰੂਕਤਾ ਕੈਂਪ ਲਗਾਇਆ



ਐਸ ਏ ਐਸ ਨਗਰ, 25 ਮਾਰਚ (ਸ.ਬ.) ਸ਼ਹੀਦ ਮੇਜਰ ਹਰਮਿੰਦਰ ਪਾਲ ਸਿੰਘ ਸਰਕਾਰੀ ਕਾਲਜ ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੁਹਾਲੀ) ਵਿਖੇ ਜ਼ਿਲ੍ਹਾ ਰੋਜ਼ਗਾਰ ਬਿਊਰੋ, ਮੁਹਾਲੀ ਦੀ ਮਦਦ ਨਾਲ ਕਾਲਜ ਪ੍ਰਿੰਸੀਪਲ ਸ੍ਰੀਮਤੀ ਹਰਜੀਤ ਗੁਜਰਾਲ ਦੀ ਅਗਵਾਈ ਵਿੱਚ ਪਲੇਸਮੈਂਟ ਸੈੱਲ ਜਾਗਰੂਕਤਾ ਕੈਂਪ ਲਗਾਇਆ ਗਿਆ।

ਇਸ ਮੌਕੇ ਸੰਬੋਧਨ ਕਰਦਿਆਂ ਸ੍ਰੀ ਹਰਪ੍ਰੀਤ ਸਿੰਘ ਸੰਧੂ, ਡਿਪਟੀ ਡਾਇਰੈਕਟਰ, ਰੁਜ਼ਗਾਰ ਉਤਪਤੀ ਹੁਨਰ ਵਿਕਾਸ ਅਤੇ ਸਿਖਲਾਈ ਤੇ ਸ੍ਰੀ ਮਨਜੇਸ਼ ਸ਼ਰਮਾ ਡਿਪਟੀ ਸੀ.ਈ.ਓ. ਨੇ ਕਿਹਾ ਕਿ ਵਿਦੇਸ਼ਾਂ ਵਿੱਚ ਰੁਜ਼ਗਾਰ ਦੀਆਂ ਸੰਭਾਵਨਾਵਾਂ, ਵਿਦੇਸ਼ਾਂ ਵਿੱਚ ਪੜ੍ਹਾਈ ਅਤੇ ਪ੍ਰਧਾਨ ਮੰਤਰੀ ਕੁਸ਼ਲ ਵਿਕਾਸ ਯੋਜਨਾ ਦਾ ਵੱਧ ਤੋਂ ਵੱਧ ਲਾਭ ਲੈਣਾ ਚਾਹੀਦਾ ਹੈ। ਉਹਨਾਂ ਕਿਹਾ ਕਿ ਵਿਦਿਆਰਥੀ ਵੱਧ ਤੋਂ ਵੱਧ ਰੁਜ਼ਗਾਰ ਬਿਊਰੋ ਨਾਲ ਜੁੜ ਕੇ ਲਾਹਾ ਲੈ ਸਕਦੇ ਹਨ। ਕੈਂਪ ਵਿੱਚ ਕਾਲਜ ਦੇ ਬੀ.ਕਾਮ, ਬੀ. ਐਸ. ਸੀ ਅਤੇ ਬੀ. ਏ. ਭਾਗ ਤੀਸਰਾ ਦੇ ਵਿਦਿਆਰਥੀਆਂ ਨੇ ਭਾਗ ਲਿਆ।

ਕੈਂਪ ਦੀ ਕਾਰਵਾਈ ਕਾਲਜ ਦੇ ਕੈਰੀਅਰ ਐਂਡ ਪਲੇਸਮੈਂਟ ਸੈੱਲ ਦੇ ਕਨਵੀਨਰ ਪ੍ਰੋ. ਰਸ਼ਮੀ ਪ੍ਰਭਾਕਰ ਨੇ ਚਲਾਈ। ਇਸ ਮੌਕੇ ਕੈਰੀਅਰ ਪਲੇਸਮੈਂਟ ਸੈੱਲ ਪੰਜਾਬ ਦੇ ਨੋਡਲ ਅਫਸਰ ਡਾ. ਜਸਪਾਲ ਸਿੰਘ ਨੇ ਵੀ ਸੰਬੋਧਨ ਕੀਤਾ।




# ਸਰਕਾਰੀ ਕਾਲਜ ਮੁਹਾਲੀ ਵਿਖੇ ਰੁਜ਼ਗਾਰ ਮੇਲੇ ਦਾ ਆਯੋਜਨ ਕੀਤਾ



ਐਸ ਏ ਐਸ ਨਗਰ, 18 ਸਤੰਬਰ (ਸ.ਬ.) ਸ਼ਹੀਦ ਮੇਜਰ ਹਰਮਿੰਦਰਪਾਲ ਸਿੰਘ ਸਰਕਾਰੀ ਕਾਲਜ, ਐਸ. ਏ.ਐਸ. ਨਗਰ ਵਿਖੇ ਪੰਜਾਬ ਸਰਕਾਰ ਦੇ ਚਲਾਏ ਜਾ ਰਹੇ ਪ੍ਰੋਗਰਾਮ ਘਰ ਘਰ ਰੋਜ਼ਗਾਰ ਤਹਿਤ ਰੁਜ਼ਗਾਰ ਵਿਭਾਗ ਮੁਹਾਲੀ ਦੇ ਸਹਿਯੋਗ ਨਾਲ 7ਵਾਂ ਰੋਜ਼ਗਾਰ ਮੇਲਾ ਕਰਵਾਇਆ ਗਿਆ। ਮੇਲੇ ਦਾ ਉਦਘਾਟਨ ਵਧੀਕ ਡਿਪਟੀ ਕਮਿਸ਼ਨਰ (ਵਿ) ਡਾ. ਹਿਮਾਂਸ਼ੂ ਅਗਰਵਾਲ ਨੇ ਕੀਤਾ। ਇਸ ਮੌਕੇ ਐਸ.ਡੀ.ਐਮ. ਮੁਹਾਲੀ ਸ. ਹਰਬੰਸ ਸਿੰਘ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ।

ਇਸ ਮੌਕੇ ਬੋਲਦਿਆਂ ਵਧੀਕ ਡਿਪਟੀ ਕਮਿਸ਼ਨਰ ਨੇ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਲੋੜਵੰਦ ਵਿਦਿਆਰਥੀ ਇਨ੍ਹਾਂ ਰੋਜ਼ਗਾਰ ਮੇਲਿਆਂ ਦਾ ਵੱਧ ਤੋਂ ਵੱਧ ਲਾਭ ਉਠਾਉਣ। ਰੁਜ਼ਗਾਰ ਵਿਭਾਗ ਦੇ ਡਿਪਟੀ ਡਾਇਰੈਕਟਰ ਮੀਨਾਕਸ਼ੀ ਗੋਇਲ ਨੇ ਇਸ ਮੌਕੇ ਦੱਸਿਆ ਮੇਲਿਆਂ ਦੀ ਲੜੀ ਵਿੱਚ ਅੱਜ ਦਾ ਇਹ ਰੋਜ਼ਗਾਰ ਮੇਲਾ ਸਭ ਤੋਂ ਵੱਧ ਸਫਲਤਾਪੂਰਵਕ ਨੇਪਰੇ ਚੜ੍ਹਿਆ।

ਉਨ੍ਹਾਂ ਦੱਸਿਆ ਕਿ ਇਸ ਨੌਕਰੀ ਮੇਲੇ ਦੌਰਾਨ ਪ੍ਰਮੁੱਖ ਕੰਪਨੀਆਂ ਜਿਵੇਂ ਕਿ ਰਿਲਾਇੰਸ, ਐਚ.ਡੀ.ਐਫ.ਸੀ., ਟਾਟਾ-ਏ. ਆਈ. ਜੀ., ਕੋਟਕ ਮਹਿੰਦਰਾ, ਆਈ.ਸੀ. ਆਈ. ਸੀ. ਆਈ, ਐਕਸਿਸ ਬੈਂਕ ਆਦਿ ਵੱਲੋਂ 734 ਉਮੀਦਵਾਰਾਂ ਨੂੰ ਨੌਕਰੀ ਦੀ ਚੋਣ ਕੀਤੀ ਗਈ, ਜਦ ਕਿ 41 ਉਮੀਦਵਾਰਾਂ ਨੂੰ ਹੁਨਰਮੰਦ ਸਿਖਲਾਈ ਤੇ 52 ਉਮੀਦਵਾਰਾਂ ਨੂੰ ਸਵੈ-ਰੁਜ਼ਗਾਰ ਲਈ ਚੁਣਿਆ ਗਿਆ।

ਇਸ ਰੁਜ਼ਗਾਰ ਮੇਲੇ ਦੌਰਾਨ ਕਾਲਜ ਦੇ ਪ੍ਰਿੰਸੀਪਲ ਡਾ. ਜਤਿੰਦਰ ਕੌਰ, ਵਾਈਸ ਪ੍ਰਿੰਸੀਪਲ ਪ੍ਰੋ. ਹਰਪ੍ਰਿਆ ਸਿੰਘ, ਪ੍ਰੋ. ਰਸ਼ਮੀ ਪ੍ਰਭਾਕਰ, ਪ੍ਰੋ. ਘਣਸ਼ਾਮ ਸਿੰਘ ਭੁੱਲਰ, ਪ੍ਰੋ. ਗੁਰਪ੍ਰੀਤ ਕੌਰ, ਰੁਜ਼ਗਾਰ ਵਿਭਾਗ ਮੁਹਾਲੀ ਦੇ ਡਿਪਟੀ ਸੀ.ਈ.ਓ ਮੰਜੇਸ਼ ਸ਼ਰਮਾ ਅਤੇ ਰੁਜ਼ਗਾਰ ਅਫਸਰ ਹਰਪ੍ਰੀਤ ਸਿੰਘ ਸਿੱਧੂ ਸਮੇਤ ਹੋਰ ਅਧਿਕਾਰੀ ਹਾਜ਼ਰ ਸਨ।

# ਅਜੀਤ

## ਅਜੇ ਜੀ.ਐਸ.ਟੀ. 'ਚ ਨਹੀਂ ਸ਼ਾਮਿਲ ਹੋਵੇਗਾ ਪੈਟਰੋਲ-ਡੀਜ਼ਲ



## ਖੇਤੀ ਕਾਨੂੰਨਾਂ ਖ਼ਿਲਾਫ਼ ਅਕਾਲੀ ਦਲ

## ਵੇਂ ਸਰਕਾਰੀ ਕਾਲਜਾਂ 'ਚ 160 ਅਸਿਸਟੈਂਟ ਪ੍ਰੋਫੈਸਰਾਂ ਤੇ 7 ਲਾਇਬ੍ਰੇਰੀਅਨਾਂ ਦੀਆਂ ਅਸਾਮੀਆਂ ਭਰਨ ਨੂੰ ਮਨਜ਼ੂਰੀ



ਸਚੁ ਸੁਣਾਇਸੀ ਸਚ ਕੀ ਬੇਲਾ

# ਰੋਜ਼ਾਨਾ ਸਪੋਕਸਮੈਨ

Rozana Spokesman, Chandigarh

ਸਤਿ ਸ੍ਰੀ ਅਕਾਲ ਜੀ!

bsite: www.rozanaspokesman.in e-mail : spokesmanphoto@gmail.com
Phone (Mohali) : +91-172-3047671-72, Chd. Office : 2542033-66

www.facebook.com/RozanaSpokesmanOfficial

ਚੰਡੀਗੜ੍ਹ, ਸਨਿਚਰਵਾਰ, 18 ਸਤੰਬਰ, 2021 (3 ਅੱਸੂ, ਨਾਨਕਸ਼ਾਹੀ ਸੰਮਤ 553)

RNI NO. CHA PUN/2005/15875.
Postal Regd. No. G/CHD/0108/2021-2023

ਸਫ਼ੇ - 12 ਮੁੱਲ : ₹ 5



ਪੰਜਾਬ ਕੈਬਨਿਟ ਵਲੋਂ ਸੰਤ ਦੀ ਖ਼ਰੀਦ ਦੇ ਮੱਦੇਨਜ਼ਰ ਨਵੀਂ ਕਸਟਮ ਮਿਲਿੰਗ ਨੀਤੀ ਨੂੰ ਪ੍ਰਵਾਨਗੀ

3

# ਭਾਰਤ ਨੇ ਪੀਐਮ ਮੋਦੀ ਦੇ ਜਨਮ ਦਿਨ 'ਤੇ ਦੋ ਕਰੋੜ ਕੋਵਿਡ ਵਿਰੋਧੀ ਟੀਕੇ ਲਗਾ ਕੇ ਰੀਕਾਰਡ ਕਾਇਮ ਕੀਤਾ

## ਚੌਥੀ ਵਾਰ ਇਕ ਦਿਨ 'ਚ ਇਕ ਕਰੋੜ ਤੋਂ ਵੱਧ ਟੀਕੇ ਲਗਾਏ ਗਏ

ਨਵੀਂ ਦਿੱਲੀ, 17 ਸਤੰਬਰ : ਭਾਰਤ ਨੇ ਸ਼ੁਕਰਵਾਰ ਨੂੰ ਇਕ ਦਿਨ ਵਿਚ 2 ਕਰੋੜ ਤੋਂ ਵੱਧ ਕੋਵਿਡ ਵਿਰੋਧੀ ਟੀਕੇ ਲਗਾ ਕੇ ਰੀਕਾਰਡ ਬਣਾਇਆ। ਇਹ ਸਫਲਤਾ ਅੱਜ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਜਨਮਦਿਨ 'ਤੇ ਟੀਕਾਕਰਨ ਦੀ ਮੁਹਿੰਮ ਦੁਆਰਾ ਪ੍ਰਾਪਤ ਕੀਤੀ ਗਈ। ਕੋ-ਵਿਨ ਪੋਰਟਲ 'ਤੇ ਉਪਲਬਧ ਅੰਕੜਿਆਂ ਅਨੁਸਾਰ ਸ਼ਾਮ 5.10 ਵਜੇ ਤਕ ਦੇਸ਼ ਭਰ ਵਿਚ ਟੀਕੇ ਦੀਆਂ ਕੁਲ 2,00,41,136 ਖ਼ੁਰਾਕਾਂ ਦਿਤੀਆਂ ਗਈਆਂ। ਦੇਸ਼ ਵਿਚ ਹੁਣ ਤਕ ਕੁਲ 78.68 ਕਰੋੜ ਟੀਕੇ ਲਗਾਏ ਜਾ ਚੁਕੇ ਹਨ। ਇਕ ਮਹੀਨੇ ਤੋਂ ਵੀ ਘੱਟ ਸਮੇਂ ਵਿਚ ਚੌਥੀ ਵਾਰ, ਇਕ ਦਿਨ 'ਚ ਇਕ ਕਰੋੜ ਤੋਂ ਵੱਧ ਟੀਕੇ ਲਗਾਏ ਗਏ।

ਇਸ ਤੋਂ ਪਹਿਲਾਂ, ਸਿਹਤ ਮੰਤਰੀ ਮਨਸੁਖ ਮੰਡਾਵੀਆ ਨੇ ਕਿਹਾ ਕਿ ਦੇਸ਼ ਨੇ ਹੁਣ ਤਕ ਦੀ ਸੱਭ ਤੋਂ ਤੇਜ਼ੀ ਨਾਲ ... ਕਰੋੜ (ਐਂਟੀ-ਕੋਵਿਡ ਟੀਕਾ) ... ਦੇਣ ਦਾ ਅੰਕੜਾ ਪਾਰ ਕਰ ਲਿਆ ਹੈ। ਉਨ੍ਹਾਂ ਇਕ ਟਵੀਟ ਵਿਚ ਕਿਹਾ, "ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਜਨਮਦਿਨ 'ਤੇ ਦੇਸ਼ ਨੇ ... 1:30 ਵਜੇ ਤਕ ਸੱਭ ਤੋਂ ... ਇਕ ਕਰੋੜ ਖ਼ੁਰਾਕਾਂ ਦੇਣ ਦਾ ... ਪਾਰ ਕਰ ਲਿਆ। ਮੰਤਰਾਲੇ ... 6 ਸਤੰਬਰ, 31 ਅਗੱਸਤ,

ਬਾਕੀ ਸਫ਼ਾ 11 'ਤੇ



## ਯੂਥ ਕਾਂਗਰਸ ਨੇ ਪ੍ਰਧਾਨ ਮੰਤਰੀ ਦੇ ਜਨਮ ਦਿਨ ਨੂੰ 'ਰਾਸ਼ਟਰੀ ਬੇਰੁਜ਼ਗਾਰ ਦਿਵਸ' ਵਜੋਂ ਮਨਾਇਆ

ਨਵੀਂ ਦਿੱਲੀ, 17 ਸਤੰਬਰ : ਕਾਂਗਰਸ ਦੇ ਯੂਥ ਵਿੰਗ ਨੇ ਸ਼ੁਕਰਵਾਰ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਜਨਮਦਿਨ ਨੂੰ 'ਰਾਸ਼ਟਰੀ ਬੇਰੁਜ਼ਗਾਰੀ ਦਿਵਸ' ਵਜੋਂ ਮਨਾਇਆ ਅਤੇ ਬੇਰੁਜ਼ਗਾਰੀ ਅਤੇ ਮਹਿੰਗਾਈ ਦੇ ਮੁੱਦੇ 'ਤੇ ਸਰਕਾਰ ਵਿਰੁਧ ਰੋਸ ਪ੍ਰਦਰਸ਼ਨ ਕੀਤਾ। ਭਾਰਤੀ ਯੂਥ ਕਾਂਗਰਸ ਦੇ ਪ੍ਰਧਾਨ ਸ੍ਰੀਨਿਵਾਸ ਬੀ.ਵੀ. ਦੀ ਅਗਵਾਈ ਹੇਠ ਜਥੇਬੰਦੀ ਦੇ ਆਗੂਆਂ ਅਤੇ ਵਰਕਰਾਂ ਨੇ ਬੇਰੁਜ਼ਗਾਰੀ ਅਤੇ ਮਹਿੰਗਾਈ ਦੇ ਮੁੱਦੇ 'ਤੇ ਮਾਰਚ ਕਢਿਆ। ਇਸ ਮੌਕੇ ਸ੍ਰੀਨਿਵਾਸ ਨੇ ਦੋਸ਼ ਲਾਇਆ ਕਿ ਨਰਿੰਦਰ ਮੋਦੀ ਸਰਕਾਰ ਦੀਆਂ ਗ਼ਲਤ ਨੀਤੀਆਂ ਕਾਰਨ ਲੋਕਾਂ ਨੂੰ ਬੇਰੁਜ਼ਗਾਰੀ ਅਤੇ ਮਹਿੰਗਾਈ ਦੇ ਦੋਹਰੇ ਬੋਝ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਕਿਹਾ, "ਅੱਜ ਪ੍ਰਧਾਨ ਮੰਤਰੀ ਮੋਦੀ ਦੇ ਜਨਮਦਿਨ ਦੇ ਮੌਕੇ 'ਤੇ ... ਬੇਰੁਜ਼ਗਾਰੀ ਵਿਰੁਧ ਕ੍ਰਾਂਤੀ ਆਈ ਹੈ। ਚਾਚਾ ਨਹਿਰੂ ਦੇ ਜਨਮ ਦਿਨ ਨੂੰ ਬਾਲ ਦਿਵਸ ਵਜੋਂ ਮਨਾਇਆ ਜਾਂਦਾ ਹੈ ਅਤੇ ਭਾਰਤ ਨੂੰ

ਬਾਕੀ ਸਫ਼ਾ 11 'ਤੇ

## ਕਦੋਂ ਕੱਟੋਗੇ ਮਹਿੰਗਾਈ ਘਟਾਉਣ ਵਾਲਾ ਕੇਕ ? : ਸੰਜੇ ਰਾਊਤ



ਨਵੀਂ ਦਿੱਲੀ, 17 ਸਤੰਬਰ : ... ਸ਼ਿਵ ਸੈਨਾ ਨੇ ਵੀ ਪ੍ਰਧਾਨ ਮੰਤਰੀ ਨੂੰ ਵਧਾਈ ਦਿਤੀ। ਪਰ ਵਿਅੰਗ ਵੀ ਕਸਿਆ। ... ਦੇ ਰਾਸ਼ਟਰੀ ਬੁਲਾਰੇ ਅਤੇ ਰਾਜ ਸਭਾ ਮੈਂਬਰ ਸੰਜੇ ਰਾਊਤ ਨੇ ਕਿਹਾ ਕਿ ਅਸੀਂ ਦੇਖ ਰਹੇ ਹਾਂ ਕਿ ਪ੍ਰਧਾਨ ਮੰਤਰੀ ... ਵਿਚ ਮਹਿੰਗਾਈ ਘਟਾਉਣ ਵਾਲਾ ਕੇਕ ਕਦੋਂ ਕੱਟਣਗੇ।

## ਜਨਮਦਿਨ ਮੌਕੇ ਮੋਦੀ ਤੋਂ ਅਫ਼ਗ਼ਾਨਿਸਤਾਨ 'ਚ ਫਸੇ ਭਾਰਤੀਆਂ ਨੇ ਮੰਗੀ ਮਦਦ

ਨਵੀਂ ਦਿੱਲੀ, 17 ਸਤੰਬਰ : ਕਾਬੁਲ ਉੱਤੇ ਤਾਲਿਬਾਨ ਦੇ ਕਬਜ਼ੇ ਤੋਂ ਬਾਅਦ, ਕੁਝ ਭਾਰਤੀ ਅਤੇ ਹਿੰਦੂ, ਸਿੱਖ ਅਤੇ ਘੱਟ ਗਿਣਤੀ ਭਾਈਚਾਰੇ ਦੇ ਲੋਕ ਅਜੇ ਵੀ ਅਫ਼ਗ਼ਾਨਿਸਤਾਨ ਵਿਚ ਫਸੇ ਹੋਏ ਹਨ। ਸ਼ੁਕਰਵਾਰ ਨੂੰ ਪੀਐਮ ਮੋਦੀ ਨੂੰ ਉਨ੍ਹਾਂ ਦੇ ਜਨਮਦਿਨ ਦੀ ਵਧਾਈ ਦਿੰਦੇ ਹੋਏ ਉੱਥੇ ਫਸੇ ਲੋਕਾਂ ਨੇ ਇਕ ਵੀਡੀਉ ਜਾਰੀ ਕੀਤਾ। ਇਸ ਵੀਡੀਉ ਵਿਚ, ਉੱਥੇ ਫਸੇ ਲੋਕਾਂ ਨੇ ਮੋਦੀ ਨੂੰ ਬੇਨਤੀ ਕੀਤੀ ਹੈ ਕਿ ਉਨ੍ਹਾਂ ਨੂੰ ਉੱਥੋਂ ਜਿੰਨੀ ਜਲਦੀ ਹੋ ਸਕੇ ਸੁਰੱਖਿਅਤ ਭਾਰਤ ਲਿਆਉਣ। ਵੀਡੀਉ ਵਿਚ, ਉੱਥੇ ਫਸੇ ਇਕ ਵਿਅਕਤੀ ਨੇ ਕਿਹਾ ਕਿ ਉਹ ਬਹੁਤ ਮੁਸੀਬਤ ਵਿਚ ਹੈ, ਕਿਉਂਕਿ ਹੁਣ ਉਸਦੇ ਕੋਲ ਖਾਣ ਲਈ ਪੈਸੇ ਵੀ ਨਹੀਂ ਬਚੇ ਹਨ ਅਤੇ ਹੁਣ ਉਸ ਕੋਈ ਉਮੀਦ ਨਹੀਂ ਸੁਣ ਰਿਹਾ। ਉਸਨੇ ਬੇਨਤੀ ਕੀਤੀ ਕਿ ਉਸਨੂੰ ਜਲਦੀ ਹੀ ਕਾਬੁਲ ਤੋਂ ਕੱਢ ਲਿਆ ਜਾਵੇ। ਇਕ ਹੋਰ ਵਿਅਕਤੀ ਨੇ ਕਿਹਾ ਕਿ ਪਹਿਲਾਂ ਉਨ੍ਹਾਂ ਦਾ ਕਾਰੋਬਾਰ ਬਹੁਤ ਵਧੀਆ ਚੱਲ ਰਿਹਾ ਸੀ, ਪਰ ਹੁਣ ਉਨ੍ਹਾਂ ਨੇ ਅਪਣੀ ਆਮਦਨ ਦਾ ਸਰੋਤ ਗੁਆ ਦਿਤਾ ਹੈ ਅਤੇ ਇਸ ਲਈ ਉਹ ਪ੍ਰਧਾਨ ਮੰਤਰੀ ਮੋਦੀ ਤੋਂ ਮਦਦ ਦੀ ਬੇਨਤੀ ਕਰ ਰਹੇ ਹਨ। ਕੁਝ ਲੋਕਾਂ ਦਾ ਪ੍ਰਵਾਰ ਪੰਜਾਬ ਵਿਚ ਰਹਿੰਦਾ ਹੈ, ਪਰ ਉਹ ਖ਼ੁਦ ਅਫ਼ਗ਼ਾਨਿਸਤਾਨ 'ਚ ਫਸੇ ਹੋਏ ਹਨ। ਵੀਡੀਉ ਤੋਂ ਸਾਫ਼ ਹੈ ਕਿ ਇਥੇ ਬਜ਼ੁਰਗ, ਔਰਤਾਂ ਅਤੇ ਪ੍ਰਵਾਰ ਲੋਕ ਵੀ ਭਾਰਤ

ਬਾਕੀ ਸਫ਼ਾ 11 'ਤੇ

## ਸਮਾਜਕ ਅਤੇ ਧਾਰਮਕ ਸਮਾਗਮਾਂ ਦੌਰਾਨ ਤੇਜ਼ੀ ਨਾਲ ਫੈਲ ਸਕਦਾ ਹੈ ਡੈਲਟਾ ਵਾਇਰਸ : ਮਾਹਰ



ਕਿਹਾ, ਮਹਾਮਾਰੀ ਦੀ ਤੀਜੀ ਲਹਿਰ ਨੂੰ ਰੋਕਣ ਲਈ, ਤਿਉਹਾਰਾਂ ਦੌਰਾਨ ਸਹੀ ਵਿਵਹਾਰ ਜ਼ਰੂਰੀ

ਨਵੀਂ ਦਿੱਲੀ, 17 ਸਤੰਬਰ : ਕੋਵਿਡ-19 ਮਹਾਮਾਰੀ ਦੀ ਤੀਜੀ ਲਹਿਰ ਦੇ ਡਰ ਦੌਰਾਨ ਤਿਉਹਾਰਾਂ ਦਾ ਮੌਸਮ ਅਤੇ ਇਸ ਦੌਰਾਨ ਲੋਕਾਂ ਦੇ ਕੋਵਿਡ ਅਨੁਕੂਲ ਵਿਵਹਾਰ ਦੀ ਪਾਲਣਾ ਮਹੱਤਵਪੂਰਨ ਕਾਰਕ ਸਾਬਤ ਹੋਵੇਗੀ। ਮਾਹਰਾਂ ਨੇ ਸ਼ੁਕਰਵਾਰ ਨੂੰ ਇਹ ਗੱਲ ਕਹੀ। ਉਨ੍ਹਾਂ ਕਿਹਾ ਕਿ ਤੀਜੀ ਲਹਿਰ ਦੇ ਸਬੰਧ ਵਿਚ ਵਾਇਰਸ ਦਾ ਇਕ ਨਵਾਂ ਰੂਪ ਨਿਰਣਾਇਕ ਸਾਬਤ ਹੋ ਸਕਦਾ ਹੈ ਕਿਉਂਕਿ ਤਿਉਹਾਰਾਂ ਦੌਰਾਨ ਲੋਕਾਂ ਦੀ ਭੀੜ ਵਿਚ ਇਸ ਦੇ ਤੇਜ਼ੀ ਨਾਲ ਫੈਲਣ ਦੀ ਵਧੇਰੇ ਸੰਭਾਵਨਾ ਹੋਵੇਗੀ। ਉਨ੍ਹਾਂ ਕਿਹਾ, "ਸਮਾਜਕ ਅਤੇ ਧਾਰਮਕ ਸਮਾਗਮਾਂ ਤੋਂ ਉਨ੍ਹਾਂ ਲੋਕਾਂ ਵਿਚ ਡੈਲਟਾ ਵਾਇਰਸ ਤੇਜ਼ੀ ਨਾਲ ਫੈਲ ਸਕਦਾ ਹੈ ਜਿਨ੍ਹਾਂ ਨੂੰ ਅਜੇ ਵੀ ਲਾਗ ਦਾ ਖ਼ਤਰਾ ਹੈ। ਇਸ ਲਈ ਇਸ ਗੱਲ 'ਤੇ ਜ਼ੋਰ ਦੇ ਕੇ ਸਲਾਹ ਦਿਤੀ ਜਾਂਦੀ ਹੈ ਕਿ ਲੋਕ ਪੂਰੀ ਇਮਾਨਦਾਰੀ ਨਾਲ ਕੋਵਿਡ ਅਨੁਕੂਲ ਵਿਵਹਾਰ ਅਪਣਾਉਣ ਅਤੇ ਪ੍ਰਸ਼ਾਸਨ ਨੂੰ ਸਮਾਜਕ ਇਕੱਠ ਨੂੰ ਰੋਕਣ ਲਈ ਸਖ਼ਤ ਕਦਮ ਚੁੱਕਣ। ਉਥੇ ਹੀ, ਆਲ ਇੰਡੀਆ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਿਜ਼ (ਏਮਜ਼) ਦੇ ਡਾਇਰੈਕਟਰ ਰਣਦੀਪ ਗੁਲੇਰੀਆ ਨੇ ਕਿਹਾ, "ਇਸ ਸਮੇਂ ਕੋਵਿਡ-19 ਦੇ ਮਾਮਲਿਆਂ ਵਿਚ ਤੇਜ਼ੀ ਨਾਲ

ਬਾਕੀ ਸਫ਼ਾ 11 'ਤੇ

### ਦੇਸ਼ 'ਚ ਕੋਰੋਨਾ ਦੇ 34 ਹਜ਼ਾਰ ਤੋਂ ਵੱਧ ਨਵੇਂ ਮਾਮਲੇ ਆਏ

ਨਵੀਂ ਦਿੱਲੀ, 17 ਸਤੰਬਰ : ਦੇਸ਼ 'ਚ ਪਿਛਲੇ 24 ਘੰਟਿਆਂ 'ਚ ਕੋਰੋਨਾ ਦੇ ਨਵੇਂ ਮਾਮਲਿਆਂ 'ਚ ਤੇਜ਼ੀ ਆਈ ਹੈ। ਹਾਲਾਂਕਿ ਇਸ ਦੀ ਤੁਲਨਾ 'ਚ ਸਿਹਤਮੰਦ ਹੋਣ ਵਾਲਿਆਂ ਦੀ ਗਿਣਤੀ ਵੱਧ ਰਹੀ, ਜਿਸ ਨਾਲ ਸਰਗਰਮ ਮਾਮਲਿਆਂ ਦੇ ਘੱਟ ਹੋਣ ਦਾ ਕ੍ਰਮ ਵੀ ਜਾਰੀ ਹੈ। ਕੇਂਦਰੀ ਸਿਹਤ ਮੰਤਰਾਲਾ ਵਲੋਂ ਸ਼ੁਕਰਵਾਰ ਸਵੇਰੇ ਜਾਰੀ ਅੰਕੜਿਆਂ ਅਨੁਸਾਰ ਪਿਛਲੇ 24 ਘੰਟਿਆਂ ਦੌਰਾਨ ਕੋਰੋਨਾ ਦੇ 34,403 ਨਵੇਂ ਮਾਮਲਿਆਂ ਦੀ ਪੁਸ਼ਟੀ ਕੀਤੀ ਗਈ, ਜਿਸ ਨਾਲ ਪੀੜਤਾਂ ਦਾ ਅੰਕੜਾ ਵੱਧ ਕੇ 3 ਕਰੋੜ 33 ਲੱਖ 81 ਹਜ਼ਾਰ 728 ਹੋ ਗਿਆ। ਇਸੇ ਮਿਆਦ 'ਚ 320 ਮਰੀਜ਼ਾਂ ਦੀ ਮੌਤ ਹੋਣ ਨਾਲ ਮ੍ਰਿਤਕਾਂ ਦਾ ਅੰਕੜਾ ਵੱਧ ਕੇ 4,44,248 ਹੋ ਗਿਆ

# ਕਿਸਾਨਾਂ ਦੇ ਅੰਦੋਲਨ ਨੂੰ ਦਬਾਉਣ ਦੀ ਕੋਸ਼ਿਸ਼ ਕਰ ਰਹੀ ਹੈ ਹਰਿਆਣਾ ਸਰਕਾਰ? : ਐਸ.ਕੇ.ਐਮ

## ਕਿਸਾਨ ਹਾਈਵੇਅ ਤੇ ਵਿਰੋਧ ਕਰ ਰਹੇ ਕਿਉਂਕਿ ਪੁਲਿਸ ਨੇ ਲਾਏ ਹਨ ਬੈਰੀਕੇਡ

...ਣਾ, 17 ਸਤੰਬਰ (ਪ੍ਰਮੋਦ ...) : ਸੰਯੁਕਤ ਕਿਸਾਨ ਮੋਰਚਾ ਨੇ ..., 27 ਸਤੰਬਰ 2021 ਨੂੰ ... ਬੰਦ ਲਈ ਦਿਸ਼ਾ-ਨਿਰਦੇਸ਼ ... ਕੀਤੇ ਹਨ ਅਤੇ ਸੰਗਠਨਾਂ ਨੂੰ ... ਹੈ ਕਿ ਉਹ ਸਮਾਜ ਦੇ ਸਾਰੇ ... ਨੂੰ ਕਿਸਾਨਾਂ ਨਾਲ ਹੱਥ ... ਦੀ ਅਪੀਲ ਕਰਨ ਅਤੇ ... ਪਹਿਲਾਂ ਤੋਂ ਹੀ ਪ੍ਰਚਾਰ ਕਰਨ ...



ਸਿਰਸੀ ਬਾਰਡਰ ਤੇ ਮੀਟਿੰਗ ਦੌਰਾਨ ਵਿਚਾਰਾਂ ਕਰਦੇ ਹੋਏ ਕਿਸਾਨ ਆਗੂ।

27 ਸਤੰਬਰ ਦੇ ਬੰਦ ਦੇ ਮੱਦੇਨਜ਼ਰ ਸੰਯੁਕਤ ਕਿਸਾਨ ਮੋਰਚਾ ਵਲੋਂ ਦਿਸ਼ਾ-ਨਿਰਦੇਸ਼ ਜਾਰੀ, ਐਂਬੂਲੈਂਸਾਂ, ਹਸਪਤਾਲਾਂ, ਮੈਡੀਕਲ ਸੇਵਾਵਾਂ, ਫ਼ਾਇਰ ਸਰਵਿਸਿਜ਼ ਨੂੰ ਦਿਤੀ ਜਾਵੇਗੀ ਛੋਟ ...

ਜਥਾ ... ਵਿਚ ਵਧੀਕ ਮੁੱਖ ਸਕੱਤਰ (ਗ੍ਰਹਿ) ਰਾਜੀਵ ਅਰੋੜਾ ਦੀ ਅਗਵਾਈ ... ਕਮੇਟੀ ਦਾ ਗਠਨ ਕੀਤਾ ਹੈ ... ਵਿਚ ਰਾਜ ਦੇ ਕਈ ... ਪੁਲਿਸ ਅਧਿਕਾਰੀ ਸ਼ਾਮਲ ... ਜ਼ਿਲ੍ਹੇ ਦੇ ਜ਼ਿਲ੍ਹਾ ... 20 ਸਤੰਬਰ 2021 ਨੂੰ ... ਕੋਰਟ ਦੀ ਨਿਰਧਾਰਤ ... ਤੋਂ ਪਹਿਲਾਂ 19 ਸਤੰਬਰ 2021 ਨੂੰ ਮੁਰਥਲ ਵਿਚ ਐਸਕੇਐਮ ਦੇ ... ਨਾਲ ਮੀਟਿੰਗ ਬੁਲਾਈ ਹੈ। ... ਕਿਸਾਨ ਦਿੱਲੀ ਦੀਆਂ ਸਰਹੱਦਾਂ ... ਪ੍ਰਦਰਸ਼ਨ ਕਰ ਰਹੇ ਹਨ, ... ਕਿ ਕੇਂਦਰੀ ਗ੍ਰਹਿ ਮੰਤਰਾਲੇ ... ਰਾਜਾਂ ਦੀ ਪੁਲਿਸ ਨੇ ... ਸਰਹੱਦਾਂ 'ਤੇ ਬਹਿਰ ... ਕੀਤਾ ਹੈ। ਅੰਦੋਲਨ ...

ਮਾਮਲਾ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੀ ਬੇਅਦਬੀ ਦਾ

# ਸਪੋਕਸਮੈਨ ਟੀਮ ਵਲੋਂ ਜਾਂਚ ਤੋਂ ਸਾਫ਼ ਜ਼ਾਹਰ ਕਿ ਸ਼੍ਰੋਮਣੀ ਕਮੇਟੀ ਦੀ ਅਣਗਹਿਲੀ ਕਾਰਨ ਵਾਪਰੀ ਘਟਨਾ

ਸ੍ਰੀ ਅਨੰਦਪੁਰ ਸਾਹਿਬ, 17 ਸਤੰਬਰ (ਕੁਲਵਿੰਦਰ ਜੀਤ ਸਿੰਘ ਭਾਟੀਆ) : ਬੀਤੇ ਦਿਨੀਂ ਖ਼ਾਲਸੇ ਦੀ ਜਨਮਭੂਮੀ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ

- ਸੀ.ਸੀ.ਟੀ.ਵੀ. ਫੁਟੇਜ ਮੁਤਾਬਕ ਤਖ਼ਤ ਸਾਹਿਬ 'ਤੇ ਨਹੀਂ ਸਨ ਮੁਲਾਜ਼ਮ ਅਤੇ ਪੁਲਿਸ ਮੁਲਾਜ਼ਮ ਨੇ ਫੜਿਆ ਦੋਸ਼ੀ
- ਸਾਫ਼ ਹੋਇਆ ਕਿ ਕਥਿਤ ਦੋਸ਼ੀ ਹੈ ਸੌਦਾ ਸਾਧ ਦਾ ਚੇਲਾ



ਪਰਮਜੀਤ ਸਿੰਘ ਨਾਮੀ ਵਿਅਕਤੀ ਵਲੋਂ ਸਿਗਰਟ ਦਾ ਧੂੰਆਂ ਛੱਡ ਕੇ ਕੀਤੀ ਗਈ ਬੇਅਦਬੀ ਨੇ ਸੰਸਾਰ ਭਰ ਵਿਚ ਵਸਦੇ ਸਿੱਖ ਕੌਮ ਦੇ ਹਿਰਦੇ ਵਲੂੰਧਰੇ ਹਨ, ਉਥੇ ਹੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਬੀਬੀ ਜਗੀਰ ਕੌਰ ਵਲੋਂ ਦਿਤੇ ... ਵਿਚ ਕਥਿਤ ਦੋਸ਼ੀ ਸ਼ਸਤਰਾਂ ਦੇ ਪਿਛਲੇ ਪਾਸੇ ਬੈਠਾ ਸੀ ਜਿਥੇ ਕਿ ਕਮੇਟੀ ਦਾ ਕੋਈ ਵੀ ਮੁਲਾਜ਼ਮ ਹਾਜ਼ਰ ਨਹੀਂ ਸੀ ...

ਸ਼ਰੇਆਮ ਸ਼੍ਰੋਮਣੀ ਕਮੇਟੀ ਦੀ ਕੁਤਾਹੀ ਕਾਰਨ ਹਾਦਸਾ ਵਾਪਰਿਆ ਹੈ। ਕਿਉਂਕਿ ਪੂਰੇ ਮਾਮਲੇ ਵਿਚ ਕਿਤੇ ਵੀ ਸ਼੍ਰੋਮਣੀ ਕਮੇਟੀ ਮੁਲਾਜ਼ਮਾਂ ਦੀ ਹਾਜ਼ਰੀ ਨਜ਼ਰ ਹੀ ਨਹੀਂ ਆ ਰਹੀ ਸਗੋਂ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਖ਼ੁਦ ਅੰਮ੍ਰਿਤਸਰ ਬੈਠੇ ਸਨ ਅਤੇ ਮੌਕੇ ਤੋਂ ਗ਼ੈਰ ਹਾਜ਼ਰ ਸਨ। ...

# ਘਰ-ਘਰ ਰੁਜ਼ਗਾਰ ਮਿਸ਼ਨ ਲਈ 7ਵੇਂ ਮੈਗਾ ਨੌਕਰੀ ਮੇਲਿਆਂ ਤਹਿਤ ਨੌਕਰੀ ਮੇਲਾ



ਐਸ.ਏ.ਐਸ. ਨਗਰ, 17 ਸਤੰਬਰ (ਸੁਖਦੀਪ ਸਿੰਘ ਸੋਈਂ): ਪੰਜਾਬ ਸਰਕਾਰ ਦੇ 'ਘਰ -ਘਰ ਰੋਜ਼ਗਾਰ ਮਿਸ਼ਨ' ਦੇ ਪ੍ਰਮੁੱਖ ਪ੍ਰੋਗਰਾਮ ਦੇ ਤਹਿਤ, ਸਰਕਾਰੀ ਕਾਲਜ ਫੇਜ਼ 6 ਐਸ.ਏ.ਐਸ. ਨਗਰ ਵਿਖੇ 7 ਵੇਂ ਮੈਗਾ ਨੌਕਰੀ ਮੇਲਿਆਂ ਦੇ ਤਹਿਤ ਸਮਾਪਤੀ ਅਤੇ ਚੌਥੀ ਨੌਕਰੀ ਮੇਲੇ ਦਾ ਆਯੋਜਨ ਕੀਤਾ ਗਿਆ।

ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਵ) ਡਾ.ਹਿਮਾਂਸ਼ੂ ਅਗਰਵਾਲ ਆਈ.ਏ.ਐਸ ਨੇ ਮੇਲੇ ਦਾ ਉਦਘਾਟਨ ਕੀਤਾ। ਸ਼੍ਰੀ ਹਰਬੰਸ ਸਿੰਘ ਐਸ.ਡੀ.ਐਮ ਨੇ ਵੀ ਰੁਜ਼ਗਾਰ ਮੇਲੇ ਵਿਚ ਸ਼ਿਰਕਤ ਕੀਤੀ। ਨੌਕਰੀ ਮੇਲੇ ਵਿਚ 1000 ਤੋਂ ਵੱਧ ਉਮੀਦਵਾਰਾਂ ਨੇ ਭਾਗ ਲਿਆ। ਉਮੀਦਵਾਰਾਂ ਨੂੰ ਸੰਬੋਧਨ ਕਰਦਿਆਂ ਵਧੀਕ ਡਿਪਟੀ ਕਮਿਸ਼ਨਰ ਨੇ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਪੰਜਾਬ ਸਰਕਾਰ ਅਤੇ ਜ਼ਿਲ੍ਹਾ ਨਗਰ ਪ੍ਰਸ਼ਾਸਨ ਵੱਲੋਂ ਲਗਾਏ ਜਾ ਰਹੇ ਇਨ੍ਹਾਂ ਰੁਜ਼ਗਾਰ ਮੇਲਿਆਂ ਦਾ ਵੱਧ ਤੋਂ ਵੱਧ ਲਾਭ ਉਠਾਉਣ ਅਤੇ ਰੁਜ਼ਗਾਰ ਪ੍ਰਾਪਤ ਕਰ ਕੇ ਆਪਣੇ ਪੈਰਾਂ 'ਤੇ ਖੜ੍ਹੇ ਹੋਣ ਕਾਬਲ ਬਣਨ। ਰੁਜ਼ਗਾਰ ਮੇਲਿਆਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਪ੍ਰਦਾਨ ਕਰਦੇ ਹੋਏ ਡਿਪਟੀ ਡਾਇਰੈਕਟਰ, ਮੀਨਾਕਸ਼ੀ ਗੋਇਲ ਨੇ ਦੱਸਿਆ ਕਿ ਹੋਰ ਕੰਪਨੀਆਂ ਤੋਂ ਇਲਾਵਾ, ਪ੍ਰਮੁੱਖ ਕੰਪਨੀਆਂ ਜਿਵੇਂ ਰਿਲਾਇੰਸ, ਐਚਡੀਐਫਸੀ, ਟਾਟਾ ਏਆਈਜੀ, ਪ੍ਰਮਾ ਸੋਰਸ, ਕੋਟਕ ਮਹਿੰਦਰਾ, ਆਈਸੀਆਈਸੀਆਈ ਬੈਂਕ, ਐਕਸਿਸ ਬੈਂਕ, ਪੁਖਰਾਜ, ਜ਼ੋਮੈਟੋ, ਐਚਸੀਐਲ, ਆਦਿ ਨੇ ਮੌਜੂਦਾ ਰੁਜ਼ਗਾਰ ਮੇਲੇ ਵਿੱਚ ਹਿੱਸਾ ਲਿਆ ਅਤੇ 734 ਨੌਕਰੀਆਂ ਪ੍ਰਦਾਨ ਕੀਤੀਆਂ, 41 ਹੁਨਰਮੰਦ ਸਿਖਲਾਈ ਅਤੇ 52 ਸਵੈ ਰੁਜ਼ਗਾਰ ਉਮੀਦਵਾਰਾ ਨੂੰ ਚੁਣਿਆ ਗਿਆ। ਮੌਜੂਦਾ ਰੁਜ਼ਗਾਰ ਮੇਲੇ ਦੀ ਸਫਲਤਾ ਲਈ, ਸ਼੍ਰੀਮਤੀ ਜਤਿੰਦਰ ਕੌਰ ਪ੍ਰਿੰਸੀਪਲ ਨੇ ਵਿਦਿਆਰਥੀਆਂ/ਉਮੀਦਵਾਰਾਂ ਦੇ ਪ੍ਰਬੰਧਾਂ ਅਤੇ ਲਾਮਬੰਦੀ ਦੇ ਨਾਲ ਪੂਰੇ ਯਤਨ ਕੀਤੇ।

ਸਮਾਗਮ/ਪ੍ਰਦਰਸ਼ਨੀ ਦੌਰਾਨ, ਪੰਜਾਬ ਸਰਕਾਰ ਦੇ ਵੱਖ ਵੱਖ ਵਿਭਾਗਾਂ ਦੁਆਰਾ ਆਪਣੇ ਲਈ ਰੁਜ਼ਗਾਰ ਲਈ ਸਕੀਮਾਂ ਚਲਾਉਣ ਦਾ ਵੀ ਆਯੋਜਨ ਕੀਤਾ ਗਿਆ। ਇਸ ਮੌਕੇ ਰਸ਼ਮੀ ਪਾਰਭਕਰ, ਘਣਸ਼ਾਮ ਸਿੰਘ ਭੁੱਲਰ, ਡਿਪਟੀ ਸੀਈਓ, ਮੰਜੇਸ਼ ਸ਼ਰਮਾ, ਰੁਜ਼ਗਾਰ ਅਫਸਰ, ਹਰਪ੍ਰੀਤ ਸਿਧੂ ਵੀ ਮੌਜੂਦ ਸਨ।